# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ



## ਯਾਦਗਾਰੀ ਹੋ ਨਿੱਬੜਿਆ 'ਸ਼ਬਦ-ਸਾਂਝ ਮੰਚ' ਕੋਟਕਪੂਰਾ ਦਾ ਸਾਹਿਤਕ ਸਮਾਗਮ : ਕੁਲਵਿੰਦਰ ਵਿਰਕ

### 'ਸ਼ਬਦ ਹੀ ਜੀਉ ਹੈ' ਅਤੇ 'ਪੰਜਾਬੀਅਤ' ਨੂੰ ਕੀਤਾ ਗਿਆ ਲੋਕ-ਅਰਪਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ





ਕੋਟਕਪੂਰਾ, 23 ਫਰਵਰੀ : ਕਲਾ ਅਤੇ ਸਾਹਿਤ ਨੂੰ ਸਮਰਪਿਤ ਮੰਚ 'ਸ਼ਬਦ-ਸਾਂਝ, ਕੋਟਕਪੂਰਾ' ਵੱਲੋਂ ਸਥਾਨਕ ਬੀਪੀਈਓ ਦਫ਼ਤਰ-ਹਾਲ ਵਿਖੇ ਕਰਵਾਇਆ ਗਿਆ ਸਾਹਿਤਕ ਸਮਾਗਮ ਸਫ਼ਲ ਅਤੇ ਯਾਦਗਾਰੀ ਹੋ ਨਿੱਬੜਿਆ। ਮੰਚ ਦੇ ਜਨਰਲ ਸਕੱਤਰ ਕੁਲਵਿੰਦਰ ਵਿਰਕ ਨੇ ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਵਿੱਚ ਅਮਰੀਕਾ ਵੱਸਦੇ ਪ੍ਰਵਾਸੀ ਸ਼ਾਇਰ ਸੰਤੋਖ ਮਿਨਹਾਸ ਦੀ ਕਾਵਿ-ਪੁਸਤਕ 'ਸ਼ਬਦ ਹੀ ਜੀਉ ਹੈ' ਅਤੇ ਪੰਜਾਬੀ ਮੈਗਜ਼ੀਨ 'ਪੰਜਾਬੀਅਤ' ਨੂੰ ਲੋਕ-ਅਰਪਿਤ ਕੀਤਾ ਗਿਆ। ਮੰਚ ਦੇ ਪ੍ਰਧਾਨ ਪ੍ਰੀਤ ਭਗਵਾਨ ਸਿੰਘ ਨੇ ਹਾਜ਼ਰੀਨ ਨੂੰ ਜੀ ਆਇਆ ਕਿਹਾ। ਕਿਤਾਬ ਉੱਪਰ ਪਰਚਾ ਡਾ. ਸਰਦੂਲ ਸਿੰਘ ਔਜਲਾ ਨੇ ਪੜ੍ਹਿਆ। ਚਿੰਤਕ ਅਤੇ ਉੱਘੇ ਕਵੀ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਇਸ ਕਿਤਾਬ ਅਤੇ ਸੰਤੋਖ ਮਿਨਹਾਸ ਹੋਰਾਂ ਦੀ ਸ਼ਖ਼ਸ਼ੀਅਤ ਬਾਰੇ ਵਿਚਾਰ-ਚਰਚਾ ਕੀਤੀ। ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਸ਼ਾਇਰ ਕੁਲਵਿੰਦਰ ਵਿਰਕ ਨੇ ਬਾਖੂਬੀ ਨਿਭਾਈ। ਪੁਸਤਕ ਅਤੇ ਮੈਗਜ਼ੀਨ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਸ੍ਰੀ ਸੰਤੋਖ ਮਿਨਹਾਸ ਹੋਰਾਂ ਨੇ ਆਪਣੀ ਸਿਰਜਣ-ਪ੍ਰਕਿਰਿਆ, ਪ੍ਰਵਾਸੀ ਜ਼ਿੰਦਗੀ ਅਤੇ ਨਵੇਂ ਕਵੀਆਂ ਦੀ ਕਵਿਤਾ ਬਾਰੇ ਵਿਚਾਰ ਸਾਂਝੇ ਕਰਦਿਆਂ ਆਪਣੀਆਂ ਚੋਣਵੀਆਂ ਕਵਿਤਾਵਾਂ ਵੀ ਸੁਣਾਈਆਂ। ਸਮਾਗਮ ਦੀ ਪ੍ਰਧਾਨਗੀ ਨਾਵਲਕਾਰ ਜੀਤ ਸਿੰਘ ਸੰਧੂ ਅਤੇ ਕਹਾਣੀਕਾਰ ਹਰਜਿੰਦਰ ਸਿੰਘ ਸੂਰੇਵਾਲੀਆ ਨੇ ਕੀਤੀ। ਸਮਾਗਮ ਦੇ ਦੂਜੇ ਪੜਾਅ ਦੌਰਾਨ ਇੱਕ ਵਿਸ਼ਾਲ ਕਵੀ-ਦਰਬਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਇਲਾਕੇ ਦੇ ਨਾਮਵਰ ਸ਼ਾਇਰਾਂ ਅਤੇ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਸੁਣਾ ਕੇ ਸਮਾਰੋਹ ਨੂੰ ਚਾਰ ਚੰਨ ਲਾ ਦਿੱਤੇ। ਲੋਕ-ਗਾਇਕ ਜਗਸੀਰ ਜੀਦਾ ਨੇ ਆਪਣੀਆਂ ਬੋਲੀਆਂ ਰਾਹੀਂ ਸਮਾਗਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਅਵਤਾਰ ਮੁਕਤਸਰੀ, ਕਰਨਜੀਤ ਦਰਦ, ਪ੍ਰੀਤ ਜੱਗੀ, ਨਾਹਰ ਸਿੰਘ ਗਿੱਲ, ਜਸਵੀਰ ਸ਼ਰਮਾ ਦੱਦਾਹੂਰ, ਮਾਸਟਰ ਲਾਭ ਸਿੰਘ ਡੋਡ, ਚਰਨਜੀਤ ਸਮਾਲਸਰ, ਬੂਟਾ ਪੈਰਿਸ, ਬਰਜਿੰਦਰ ਭਾਰਤੀ, ਭਿੰਦਰ ਘਣੀਏ ਵਾਲਾ, ਬਲਵਿੰਦਰ ਸਿੰਘ ਔਲਖ, ਗੁਰਬਚਨ ਸਿੰਘ ਬਰਾੜ, ਜਗਦੀਪ ਹਸਰਤ, ਪ੍ਰੋ ਬੀਰ ਇੰਦਰ ਸਰਾਂ, ਸ਼ਿਵਨਾਥ ਦਰਦੀ, ਲੋਕ-ਗਾਇਕ ਗੁਰਸੇਵਕ ਮਾਨ, ਹਰਸੰਗੀਤ ਸਿੰਘ ਅਤੇ ਬੱਬਲ ਗਿੱਲ ਆਦਿ ਸ਼ਾਇਰਾਂ/ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ। ਅਖ਼ੀਰ ਵਿੱਚ ਨਾਵਲਕਾਰ ਜੀਤ ਸਿੰਘ ਸੰਧੂ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਚ ਦੇ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ, ਸਲਾਹਕਾਰ ਰਜਿੰਦਰ ਡਿੰਪਾ, ਗੁਰਬਚਨ ਭੁੱਲਰ, ਤ੍ਰਿਲੋਕ ਸਿੰਘ ਮਿਨਹਾਸ, ਜਸਵੰਤ ਜਸ, ਕੁਲਵੰਤ ਸਿੰਘ ਚਾਨੀ, ਇਕਬਾਲ ਸਿੰਘ ਮੰਘੇੜਾ, ਰਾਜਕੁਮਾਰੀ ਆਸ਼ਕਪ੍ਰੀਤ ਕੌਰ ਰੰਸ਼ਾਹੀ, ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਅਲਾਇੰਸ ਕਲੱਬ ਇੰਟਰਨੈਸਨਲ ਜਿਲ੍ਹਾ 111 ਨੌਰਥ ਦੇ ਸਰਬਸੰਮਤੀ ਨਾਲ ਜਿਲ੍ਹਾ ਗਵਰਨਰ ਬਣੇ ਓਮ ਪ੍ਰਕਾਸ਼ ਗੋਇਲ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 23 ਫਰਵਰੀ : ਇੰਟਰਨੈਸ਼ਨਲ ਅਲਾਇੰਸ ਕਲੱਬ ਜ਼ਿਲ੍ਹਾ 111 ਨੌਰਥ ਦੀ 15ਵੀਂ ਕਾਨਫਰੰਸ ਅਲਾਅ ਸੁਭਾਸ਼ ਮੰਗਲਾ ਫਾਉਂਡਰ ਅਲਾਇੰਸ ਕਲੱਬ ਪੰਜਾਬ ਦੀ ਦਿਸ਼ਾ-ਨਿਰਦੇਸ਼ ਅਨੁਸਾਰ ਹੋਈ ਅਤੇ ਮਨਜਿੰਦਰ ਸਿੰਘ ਬੌਬੀ ਮਦਾਨ ਜਿਲ੍ਹਾ ਗਵਰਨਰ ਦੀ ਰਹਿਨੁਮਾਈ ਹੇਠ ਹੋਟਲ ਦਾਸਤਾਨ, ਫਰੀਦਕੋਟ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਬਠਿੰਡਾ, ਰਾਮਪੁਰਾ ਫੂਲ, ਕੋਟਕਪੂਰਾ, ਸ੍ਰੀ ਮੁਕਤਸਰ ਸਾਹਿਬ, ਜ਼ੀਰਾ, ਬਰਗਾੜੀ ਦੀਆਂ ਕਲੱਬਾਂ ਦੇ 80 ਤੋਂ ਜਿਆਦਾ ਡੇਲੀਗੇਟ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਕਾਨਫਰੰਸ ਦੇ ਮੁੱਖ ਮਹਿਮਾਨ ਪੰਜਾਬ ਅਲਾਇੰਸ ਦੇ ਫਾਉਂਡਰ ਅਤੇ ਇੰਟਰਨੈਸਨਲ ਕਲੱਬ ਦੇ ਸੀਨੀਅਰ ਆਗੂ ਅਲਾਅ ਸੁਭਾਸ਼ ਮੰਗਲਾ ਸਨ, ਜਦਕਿ ਅਲਾਅ ਇੰਦਰਜੀਤ ਸਿੰਘ ਮਦਾਨ ਫੰਕਸ਼ਨ ਚੇਅਰਮੈਨ, ਅਲਾਅ ਨਿਰੰਜਨ ਸਿੰਘ ਰੱਖੜਾ ਕੋ ਚੇਅਰਮੈਨ, ਅਲਾਅ ਜਤਿੰਦਰ ਚਾਵਲਾ ਸਾਬਕਾ ਜਿਲ੍ਹਾ ਗਵਰਨਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਕਾਨਫਰੰਸ ਦੀ ਸ਼ੁਰੂਆਤ ਜਯੋਤੀ ਜਗਾ ਕੇ ਕੀਤੀ ਗਈ। ਅਲਾਅ ਇੰਦਰਜੀਤ ਸਿੰਘ ਮਦਾਨ ਨੇ ਸਾਰੇ ਆਏ ਹੋਏ ਮੈਂਬਰਾਂ ਨੂੰ ਜੀ ਆਇਆ ਕਿਹਾ। ਸਾਰੇ ਮੈਂਬਰਾਂ ਨੇ ਮਿਲਕੇ ਵਿਸ਼ਵ ਸ਼ਾਂਤੀ ਦੀ ਪ੍ਰਾਰਥਨਾ ਕੀਤੀ। ਸਮਾਗਮ ਦੌਰਾਨ ਅਲਾਇੰਸ ਕਲੱਬ ਜਿਲ੍ਹਾ 111 ਨੌਰਥ ਦੀ 2026-27 ਦੇ ਲਈ ਜਿਲ੍ਹਾ ਗਵਰਨਰ ਅਤੇ ਵਾਈਸ ਜਿਲ੍ਹਾ ਗਵਰਨਰ




ਦੀ ਚੋਣ ਕੀਤੀ ਗਈ, ਜਿਸ ਵਿੱਚ ਅਲਾਅ ਓਮ ਪ੍ਰਕਾਸ਼ ਗੋਇਲ ਨੂੰ ਸਰਬਸੰਮਤੀ ਨਾਲ ਜਿਲ੍ਹਾ ਗਵਰਨਰ ਅਤੇ ਅਲਾਅ ਬਲਵਿੰਦਰ ਸਿੰਘ ਸਿਬੀਆ ਨੂੰ ਵਾਈਸ ਜਿਲ੍ਹਾ ਗਵਰਨਰ ਚੁਣੇ ਜਾਣ 'ਤੇ ਹਾਊਸ ਵਿੱਚ ਹਾਜ਼ਰ ਤਮਾਮ ਮੈਂਬਰਾਂ ਵੱਲੋਂ ਜ਼ੋਰਦਾਰ ਤਾੜੀਆਂ ਮਾਰ ਕੇ ਭਰਵਾਂ ਸਵਾਗਤ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਅਲਾਅ ਸੁਭਾਸ਼ ਮੰਗਲਾ ਨੇ ਆਪਣੇ ਆਨਲਾਈਨ ਭਾਸ਼ਣ ਦੌਰਾਨ ਬੋਲਦਿਆਂ ਜਿਲ੍ਹਾ ਗਵਰਨਰ ਅਲਾਅ ਓਮ ਪ੍ਰਕਾਸ਼ ਗੋਇਲ ਅਤੇ ਵਾਈਸ ਜਿਲ੍ਹਾ ਗਵਰਨਰ ਅਲਾਅ ਬਲਵਿੰਦਰ ਸਿੰਘ ਸਿਬੀਆ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅੰਤਰਰਾਸ਼ਟਰੀ ਅਲਾਇੰਸ ਕਲੱਬ ਦੁਨੀਆ ਦੀ ਸਭ ਤੋਂ ਵੱਧ ਤੇਜ਼ ਗਤੀ ਨਾਲ ਅੱਗੇ ਚੱਲ ਰਹੀ ਸੰਸਥਾ ਹੈ। ਉਹਨਾ ਇਹ ਵੀ ਕਿਹਾ ਕਿ ਇਸ ਸੰਸਥਾ ਦਾ ਮੈਂਬਰ ਹੋਣਾ ਆਪਣੇ ਆਪ ਲਈ ਫ਼ਖ਼ਰ ਦੀ ਗੱਲ ਹੈ। ਉਹਨਾ ਕਲੱਬਾਂ ਨੂੰ ਜਿੱਥੇ ਵੱਧ ਤੋਂ ਵੱਧ ਮਾਨਵਤਾ ਦੀ ਸੇਵਾ ਲਈ ਪ੍ਰੇਰਿਤ ਕੀਤਾ ਉੱਥੇ ਉਹਨਾ ਨੇ ਹੋਰ ਨਵੀਆਂ ਕਲੱਬਾਂ ਬਣਾਉਣ ਤੇ ਵੀ ਜੋਰ ਦਿੱਤਾ। ਅਲਆ ਓਮ ਪ੍ਰਕਾਸ਼ ਗੋਇਲ ਇਲੈਕਟਡ ਜਿਲ੍ਹਾ ਗਵਰਨਰ ਨੇ ਆਪਣੀ ਟੀਮ ਦੀ ਘੋਸ਼ਣਾ ਕਰਦੇ ਹੋਏ ਅਲਾਅ ਰਮੇਸ਼ ਅਹੂਜਾ ਜਿਲ੍ਹਾ ਸੈਕਟਰੀ, ਅਲਾਅ ਚੰਦਰ ਪ੍ਰਕਾਸ਼ ਅਰੋੜਾ ਜਿਲ੍ਹਾ ਖਜਾਨਚੀ ਅਤੇ ਅਲਾਅ ਬਲਜਿੰਦਰ ਸਿੰਘ ਬੱਲੀ ਜਿਲ੍ਹਾ ਪੀ.ਆਰ.ਓ. ਘੋਸ਼ਿਤ ਕੀਤਾ ਗਿਆ ਅਤੇ ਆਪਣੇ ਭਾਸ਼ਣ ਦੌਰਾਨ ਨਵੀਆਂ ਘੋਸ਼ਣਾਵਾਂ ਵੀ ਕੀਤੀਆਂ ਗਈਆਂ। ਇਸ ਮੌਕੇ ਅਲਾਅ ਮੈਂਬਰਾਂ ਵੱਲੋਂ ਵੀ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਅਲਾਇੰਸ ਕਲੱਬ ਬਰਗਾੜੀ ਦੇ ਮਜੂਦਾ ਪ੍ਰਧਾਨ ਅਲਾਅ ਬਲਵਿੰਦਰ ਸਿੰਘ ਸਿਬੀਆ ਨੇ ਵਾਈਸ ਜਿਲ੍ਹਾ ਗਵਰਨਰ ਬਣਨ ਦੀ ਖੁਸ਼ੀ ਤੇ ਤਮਾਮ ਮੈਂਬਰਾਂ ਨੂੰ ਤੋਹਫ਼ੇ ਦੇਕੇ ਨਵਾਜਿਆ। ਮਜੂਦਾ ਜਿਲ੍ਹਾ ਗਵਰਨਰ ਮਨਜਿੰਦਰ ਸਿੰਘ ਬੌਬੀ ਮਦਾਨ ਵੱਲੋਂ ਹਰ ਕਲੱਬ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਤੋਹਫ਼ੇ ਭੇਟ ਕੀਤੇ ਗਏ। ਸਟੇਜ ਦੀ ਭੂਮਿਕਾ ਅਲਾਅ ਮਨਦੀਪ ਸਿੰਘ ਸਰਾਂ ਨੇ ਬਾਖੂਬ ਨਿਭਾਈ ਅਤੇ ਆਪਣੀ ਸ਼ਾਇਰੀ ਅੰਦਾਜ਼ ਨਾਲ ਸਭ ਨੂੰ ਆਪਣੇ ਵੱਲ ਖਿੱਚੀਆਂ। ਸਮਾਗਮ ਦੌਰਾਨ ਵੱਖ-ਵੱਖ ਕਲੱਬਾਂ ਤੋਂ ਅਲਾਅ ਅਮਨਦੀਪ ਕੌਰ ਸਰਾਂ, ਅਲਾ ਮੋਨਿਕਾ ਗੋਇਲ, ਅਲਾਅ ਨੰਦਨੀ, ਅਲਾਅ ਰਜਨੀ, ਅਲਾਅ ਨਛੱਤਰ ਪੁਰਬਾ, ਅਲਾਅ ਅਸ਼ੋਕ ਸੇਠੀ, ਅਲਾਅ ਡਾਕਟਰ ਵਿਸ਼ੇਸ਼ ਬੁੱਧੀਰਾਜਾ, ਅਲਾਅ ਐਡਵੋਕੇਟ ਰਾਕੇਸ਼ ਸੇਠੀ, ਅਲਾਅ ਸੁਖਜੰਤ ਸਿੰਘ, ਅਲਾਅ ਜੋਗਿੰਦਰ ਸਿੰਘ, ਅਲਾਅ ਗੁਰਸੇਵਕ ਸਿੰਘ, ਅਲਾਅ ਸੁਖਰਾਜ ਗੋਂਦਰਾ, ਪੱਪੂ ਢਿੱਲੋਂ, ਗਗਨਦੀਪ ਸਿੰਘ ਕੈਨੇਡਾ, ਸੁਰਿੰਦਰ ਕੌਰ, ਪਰਵਿੰਦਰ ਕੌਰ, ਵਿਜੈ ਛਾਬੜਾ, ਰਾਜ ਨਾਰੰਗ, ਸਿਮਰਨ ਮੱਕੜ, ਮਾ. ਹਰੀ ਚੰਦ ਧੀਂਗੜਾ, ਅਲਾਅ ਵਿਜੈ ਮੋਂਗਾ, ਅਲਾਅ ਸਤਿੰਦਰ ਸਚਦੇਵਾ, ਅਲਾਅ ਗੁਰਬਖਸ਼ ਸਿੰਘ, ਅਲਾਅ ਬਲਜੀਤ ਸਿੰਘ ਖੀਵਾ, ਅਲਾਅ ਚਰਨਦਾਸ ਗਰਗ, ਅਲਾਅ ਰਿੰਕੂ ਗਰਗ ਮਾਜੂਦ ਰਹੇ।

## ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 23 ਫਰਵਰੀ : ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਸਰਕਾਰੀ ਬੇਸਿਕ ਮਿਡਲ ਸਕੂਲ ( ਲੜਕੀਆਂ) ਫ਼ਰੀਦਕੋਟ ਵਿਖੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਸੁਖਚੈਨ ਸਿੰਘ ਥਾਂਦੇਵਾਲਾ ਨੇ ਕੀਤੀ ਅਤੇ ਮੁੱਖ ਮਹਿਮਾਨ ਦੇ ਤੌਰ ਤੇ ਪ੍ਰੋਫੈਸਰ ਪਾਲ ਸਿੰਘ ਹਾਜ਼ਰ ਹੋਏ। ਇਸ ਸਮਾਗਮ ਵਿੱਚ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਦੇ ਤਕਰੀਬਨ ਇੱਕ ਦਰਜਨ ਮੈਂਬਰਾਂ ਨੇ ਭਾਗ ਲਿਆ ਜਿਸ ਵਿੱਚ ਵਤਨਵੀਰ ਜ਼ਖ਼ਮੀ,ਹਰ ਸੰਗੀਤ ਸਿੰਘ ਗਿੱਲ, ਸੁਰਿੰਦਰਪਾਲ ਸ਼ਰਮਾ ਭਲੂਰ, ਪ੍ਰੋਫੈਸਰ ਪਾਲ ਸਿੰਘ, ਇਕਬਾਲ ਘਾਰੂ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ,






ਪ੍ਰਿੰਸੀਪਲ ਜੋਗਿੰਦਰ ਸਿੰਘ ਸਿੱਧੂ, ਲਾਲ ਸਿੰਘ ਕਲਸੀ, ਮੁਖਤਿਆਰ ਸਿੰਘ ਵੰਗੜ, ਕੁਲਜੀਤ ਸਿੰਘ ਵਾਲੀਆ, ਇੰਜਨੀਅਰ ਦਰਸ਼ਨ ਰੋਮਾਣਾ ਨੇ ਭਾਗ ਲਿਆ। ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਦੇ ਮੈਂਬਰਾਂ ਨੇ ਅੰਤਰਰਾਸ਼ਟਰੀ ਮਾਤ ਭਾਸ਼ਾ ਦੇ ਸਬੰਧ ਵਿੱਚ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਫ਼ੈਸਰ ਪਾਲ ਸਿੰਘ ਅਤੇ ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ ਨੇ ਪੰਜਾਬੀ ਮਾਤ ਭਾਸ਼ਾ ਦੇ ਸਬੰਧ ਵਿੱਚ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਸਮਾਗਮ ਵਿੱਚ ਉਪਰੋਕਤ ਸਕੂਲ ਦੇ ਪੰਦਰਾਂ ਬੱਚਿਆਂ ਨੇ ਪੰਜਾਬੀ ਮਾਤ ਭਾਸ਼ਾ ਦੇ ਸਬੰਧ ਵਿੱਚ ਆਪਣੇ ਗੀਤ , ਕਵਿਤਾਵਾਂ ਪੇਸ਼ ਕਰ ਕੇ ਪੰਜਾਬੀ ਮਾਂ ਬੋਲੀ ਨੂੰ ਸਿਜਦਾ ਕੀਤਾ। ਸਭਾ ਵੱਲੋਂ ਕਰਵਾਈ ਇਸ ਪ੍ਰਤੀਯੋਗਤਾ ਵਿੱਚ ਪ੍ਰੋਫ਼ੈਸਰ ਪਾਲ ਸਿੰਘ ਅਤੇ ਪ੍ਰਿੰਸੀਪਲ ਕ੍ਰਿਸ਼ਨ ਲਾਲ ਨੇ ਬਤੌਰ ਜੱਜ ਦੀ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜੇ ਸਥਾਨ ਆਉਣ ਵਾਲੇ ਬੱਚਿਆਂ ਬਾਰੇ ਜਾਣਕਾਰੀ ਦਿੱਤੀ। ਸਭਾ ਵੱਲੋਂ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ ਨੂੰ ਗੋਲਡ ਮੈਡਲ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ ਨੂੰ ਸਿਲਵਰ ਮੈਡਲ,ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ ਨੂੰ ਕਾਂਸੀ ਦਾ ਮੈਡਲ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਤੋਂ ਇਲਾਵਾ ਹੋਰ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ ਅਤੇ ਕਾਪੀਆਂ ਪੈੱਨ ਦੇ ਕੇ ਸਨਮਾਨਿਤ ਕੀਤਾ ਗਿਆ। ਕਾਪੀਆਂ ਪੈੱਨ ਸਭਾ ਦੇ ਜਰਨਲ ਸਕੱਤਰ ਪ੍ਰਿੰਸੀਪਲ ਕ੍ਰਿਸ਼ਨ ਲਾਲ ਨੇ ਆਪਣੀ ਜੇਬ ਵਿੱਚੋਂ ਖਰਚ ਕੇ ਬੱਚਿਆਂ ਦਾ ਹੌਂਸਲਾ ਵਧਾਇਆ। ਸਭਾ ਦੇ ਪ੍ਰਧਾਨ ਸੁਖਚੈਨ ਥਾਂਦੇਵਾਲਾ ਨੇ ਇਸ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਇੱਕ ਵਿਦਿਆਰਥਣ ਨੂੰ ਪੰਜ ਸੌ ਰੁਪਏ ਨਕਦ ਇਨਾਮ ਦਿੱਤਾ। ਇਸ ਤਰ੍ਹਾਂ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਬੱਚਿਆਂ ਦੀ ਪ੍ਰਤੀਯੋਗਤਾ ਕਰਵਾਉਣ ਲਈ ਸਕੂਲ ਦੀ ਅਧਿਆਪਕਾ ਮੈਡਮ ਰਵਿੰਦਰ ਕੌਰ ਅਤੇ ਸਟਾਫ ਮੈਂਬਰਾਨ ਗੁਰਵਿੰਦਰ ਕੌਰ, ਪ੍ਰਵੀਨ ਰਾਣੀ, ਨਵਤੇਜ ਕੌਰ, ਅਵਨੀਤ ਕੌਰ, ਪਰਮਪਾਲ ਕੌਰ ਅਤੇ ਸੋਹਣ ਲਾਲ ਨੇ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਦਾ ਉਤਸ਼ਾਹਪੂਰਨ ਸਹਿਯੋਗ ਦਿੱਤਾ ਅਤੇ ਸਭਾ ਵੱਲੋਂ ਸਕੂਲ ਵਿੱਚ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਏ ਜਾਣ ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਨੇ ਸਭਾ ਨੂੰ ਬੜੇ ਮਾਣ ਸਤਿਕਾਰ ਸਹਿਤ ਚਾਹ ਪਾਣੀ ਦਾ ਲੰਗਰ ਛਕਾਇਆ। ਸਮਾਗਮ ਦੇ ਅਖੀਰ ਵਿੱਚ ਸਭਾ ਦੇ ਪ੍ਰਧਾਨ ਸੁਖਚੈਨ ਥਾਂਦੇਵਾਲਾ ਨੇ ਸਕੂਲ ਦੀ ਮੁੱਖ ਅਧਿਆਪਕਾ ਮੈਡਮ ਰਵਿੰਦਰ ਕੌਰ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ। ਸਾਰੇ ਸਮਾਗਮ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਇਕਬਾਲ ਘਾਰੂ ਨੇ ਬਾਖੂਬੀ ਨਿਭਾਈ। ਇਸ ਸਮਾਗਮ ਵਿੱਚ ਯੂ ਲਾਈਕ ਲਾਈਟ ਐਂਡ ਸਾਊਂਡ ਨੇ ਵੀ ਆਪਣੀ ਹਾਜ਼ਰੀ ਲਗਵਾਈ।

## ਡੀ.ਸੀ.ਐੱਮ. ਇੰਟਰਨੈਸ਼ਨਲ ਸਕੂਲ ਵਿਖੇ ਮਨਾਇਆ ਗਿਆ ਸਲਾਨਾ ਖੇਡ ਦਿਵਸ

### ਵੱਖ-ਵੱਖ ਖੇਡ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਕੀਤਾ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 23 ਫਰਵਰੀ : ਸਥਾਨਕ ਡੀ.ਸੀ.ਐੱਮ. ਇੰਟਰਨੈਸ਼ਨਲ ਸਕੂਲ ਵਿਖੇ ਸਾਲਾਨਾ ਖੇਡ ਦਿਵਸ ਰਾਈਜ਼ਿੰਗ ਚੈਂਪੀਅਨਜ਼ ਇਮਰਜਿੰਗ ਸਟਾਰ ਕਰਵਾਈਆਂ ਗਈਆਂ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਖੇਡ ਭਾਵਨਾ ਅਤੇ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤੀ ਗਈ, ਸਕੂਲ ਦੇ ਪ੍ਰਬੰਧਕ ਕਮੇਟੀ ਸ਼੍ਰੀਮਤੀ ਪਵਨ ਮਿੱਤਲ, ਸ਼੍ਰੀਮਾਨ ਅਸ਼ੋਕ ਚਾਵਲਾ, ਸ਼੍ਰੀਮਤੀ ਕਾਜਲ ਮਿੱਤਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀਸ਼ਰਮਾ ਨੇ ਕੀਤੀ। ਮੁੱਖ ਮਹਿਮਾਨਾਂ ਨੇ ਖੇਡ ਮਸ਼ਾਲ ਜਗਾਉਣ ਤੋਂ ਬਾਅਦ ਪ੍ਰਤੀਕਾਤਮਕ ਢੰਗ ਨਾਲ ਹਵਾ ਵਿੱਚ ਗੁਬਾਰੇ ਛੱਡ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਸਮਾਗਮ ਦੀ ਸ਼ੁਰੂਆਤ ਸ਼ਾਨਦਾਰ ਮਾਰਚ ਪਾਸਟ ਨਾਲ ਹੋਈ, ਜਿੱਥੇ ਚਾਰੇ ਹਾਊਸਾਂ ਦੇ ਕਪਤਾਨਾਂ ਦੀ ਅਗਵਾਈ ਵਿੱਚ ਵਿਦਿਆਰਥੀਆਂ ਦੁਆਰਾ ਪਰੇਡ ਕੀਤੀ ਗਈ। ਇਸ ਤੋਂ ਬਾਅਦ 100 ਮੀਟਰ, 200 ਮੀਟਰ ਅਤੇ 400 ਮੀਟਰ ਰੇਸ, ਰਿਲੇਅ ਰੇਸ, ਬੰਨੀ ਰੇਸ, ਟਨਲ ਰੇਸ, ਹੂਲਾ ਹੂਪਸ ਰੇਸ, ਬਾਲ ਬਕੇਟ ਰੇਸ, ਆਕਟੋਪਸ ਰੇਸ ਅਤੇ ਜ਼ਿਗ-ਜ਼ੈਗ ਰੇਸ ਵਰਗੀਆਂ ਵੱਖ-ਵੱਖ ਖੇਡ ਗਤੀਵਿਧੀਆਂ ਕਰਵਾਈਆਂ






ਗਈਆਂ, ਜਿਸ ਵਿੱਚ ਨਰਸਰੀ ਤੋਂ 5ਵੀ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਮਾਪਿਆਂ ਲਈ ਗਾਰਲੈਂਡ ਰੇਸ ਇੱਕ ਧਮਾਕੇਦਾਰ ਖੇਡ ਸੀ, ਜਿਸ ਵਿੱਚ ਮਾਪਿਆਂ ਨੇ ਆਪਣੀ ਪ੍ਰਤੀਯੋਗੀ ਭਾਵਨਾ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਭਾਰਤੀ ਸੱਭਿਆਚਾਰ ਵਿੱਚ ਵਿਭਿੰਨਤਾ ਨੂੰ ਦਰਸਾਉਣ ਵਾਲੇ ਐਰੋਬਿਕ ਡਾਂਸ, ਪ੍ਰੋਪ ਡਾਂਸ, ਪੰਜਾਬੀ ਭੰਗੜਾ ਅਤੇ ਥੀਮ ਡਾਂਸ ਰਾਹੀਂ ਆਪਣੀਆਂ ਜੋਰਦਾਰ ਡਾਂਸ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਵਿਦਿਆਰਥੀਆਂ ਨੇ ਇੱਕ ਉੱਚ-ਊਰਜਾ ਮਾਸ ਪੀਟੀ ਡ੍ਰਿਲ ਵੀ ਪੇਸ਼ ਕੀਤੀ। ਸਾਰੇ ਹਾਊਸ ਨੇ ਵਧੀਆ ਪ੍ਰਦਰਸ਼ਨ ਕੀਤਾ। ਜਿਸ ਨੇ ਵਿਦਿਆਰਥੀਆਂ ਅਤੇ ਮਾਪਿਆਂ ਦੋਵਾਂ ਨੂੰ ਆਪਣੀ ਸਜਾਵਟ ਅਤੇ ਠੰਢੇ ਮਾਹੌਲ ਨਾਲ ਰੋਮਾਂਚਿਤ ਕੀਤਾ ਸੀ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀਸ਼ਰਮਾ ਨੇ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਸਕੂਲ ਦੀਆਂ ਬੀਤੇ ਵਰ੍ਹੇ ਦੀਆਂ ਵਿੱਦਿਅਕ ਅਤੇ ਹੋਰ ਪ੍ਰਾਪਤੀਆਂ ਦਾ ਵੇਰਵਾ ਦਿੱਤਾ। ਵੱਖ-ਵੱਖ ਖੇਡ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਸਾਰੇ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਨੇ ਸ਼੍ਰੀਮਤੀ ਕਾਜਲ ਮਿੱਤਲ, ਕੋਚ ਭੁਪਿੰਦਰ ਸਿੰਘ, ਸਾਰੇ ਹਾਉਸ ਇਨਚਾਰਜ ਅਧਿਆਪਕਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਨੇ ਖੇਡਾਂ ਦਾ ਮਹੱਤਵ ਦੱਸਦੇ ਹੋਏ ਖੇਡਾਂ ਵਿੱਚ ਭਾਗ ਲੈਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਹ ਖੇਡ ਦਿਵਸ ਉਤਸ਼ਾਹ ਅਤੇ ਯਾਦਾਂ ਨਾਲ ਭਰਿਆ ਦਿਨ ਸੀ।

## ਖ਼ਬਰ ਹੋ ਗਏ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਤੇਰੇ ਸ਼ਹਿਰ ਦੇ ਅਖਬਾਰ ਦੇ ,
ਪਹਿਲੇ ਪੰਨੇ ਦੀ ਖ਼ਬਰ ਹੋ ਗਏ।
ਜਾ ਕੇ ਦੇਖ ਸਮਸ਼ਾਨ ਅੰਦਰ,
ਸੱਜਣਾ ਅਸੀ ਕਬਰ ਹੋ ਗਏ।
ਹੰਝੂ , ਹੌਕੇ ਤੇ ਦਰਦਾਂ ਨੇ ਸਤਾਇਆ,
ਕਿਸੇ ਵਿਧਵਾ ਦਾ ਹੁਣ ਸਬਰ ਹੋ ਗਏ।
ਚੁੱਪ ਤੇ ਸਾਂਤ ਰਹਿੰਦੇ ਹਾਂ ਹਮੇਸ਼ਾ ਹੀ,
ਤਾਲਾ ਲੱਗਿਆ ਘਰ ਹੋ ਗਏ।
ਦੁੱਖਾਂ ਦੀ ਦਾਸਤਾਂ ਪੇਸ਼ ਕਰਦਾ ਸਦੀਆਂ ਤੋਂ,
ਉਜੜਿਆ ਕੋਈ ਨਗਰ ਹੋ ਗਏ।
ਬਿਰਹੋ ਦੀ ਮਾਰ ਨੇ ਕੀਤਾ ਮਦਹੋਸ਼,
ਹੁਣ ਹਰ 'ਦਰਦੀ' ਦੇ ਮਗਰ ਹੋ ਗਏ।

## ਆਓ ਜ਼ਿੰਦਗੀ ਨੂੰ ਖੁਸ਼ੀ ਨਾਲ ਜਿਉਣ ਦੀ ਕਲਾ ਸਿੱਖੀਏ!



ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਮੈਨੂੰ ਦੌਲਤ ਕਮਾਉਣ ਦੀ ਇੱਛਾ ਨਹੀਂ ਹੈ ਪਰ ਮੈਨੂੰ ਜ਼ਿੰਦਗੀ ਦਾ ਆਨੰਦ ਲੈਣ ਦੀ ਇੱਛਾ ਜ਼ਰੂਰ ਹੈ। ਜੇਕਰ ਤੁਸੀਂ ਜਿਊਣ ਦੀ ਕਲਾ ਤੋਂ ਜਾਣੂ ਨਹੀਂ ਹੋ, ਤਾਂ ਤੁਸੀਂ ਜ਼ਿੰਦਗੀ ਨਹੀਂ ਜੀ ਰਹੇ ਹੋ, ਸਗੋਂ ਜ਼ਿੰਦਗੀ ਤੁਹਾਨੂੰ ਜੀ ਰਹੀ ਹੈ। ਹਾਲਾਤਾਂ ਦੇ ਸਾਹਮਣੇ ਬੇਵੱਸ ਹੋਣ ਦੀ ਬਜਾਏ, ਇਸਨੂੰ ਆਪਣੀ ਪਕੜ ਵਿੱਚ ਰੱਖਣ ਦੀ ਕਲਾ ਨੂੰ ਅਪਣਾਓ। ਇੱਕ ਉਦਾਹਰਣ ਬਣ ਕੇ ਇਤਿਹਾਸ ਬਣਾਓ, ਇੱਕ ਸਬਕ ਨਹੀਂ। ਸਿਰਫ਼ ਸਿਹਤਮੰਦ ਨਸਾਂ ਦਾ ਯੁੱਗ ਹੀ ਤੁਹਾਡੀ ਵਿੱਤੀ ਤਰੱਕੀ ਨੂੰ ਹਕੀਕਤ ਬਣਾਉਂਦਾ ਹੈ ਕਿਉਂਕਿ ਪਰਮਾਤਮਾ ਤੁਹਾਡੇ ਪਾਪਾਂ ਨੂੰ ਮਾਫ਼ ਕਰ ਸਕਦਾ ਹੈ, ਪਰ ਤੁਹਾਡਾ ਦਿਮਾਗੀ ਪ੍ਰਣਾਲੀ ਤੁਹਾਨੂੰ ਕਦੇ ਵੀ ਦੁਰਵਰਤੋਂ ਲਈ ਮਾਫ਼ ਨਹੀਂ ਕਰਦਾ। ਇਸ ਲਈ, ਆਪਣੀਆਂ ਨਸਾਂ ਨੂੰ ਨੁਕਸਾਨਦੇਹ ਸਿਹਤ ਵਰਤੋਂ ਤੋਂ ਬਚਾਓ ਅਤੇ ਉਨ੍ਹਾਂ ਨੂੰ ਸ਼ਾਂਤ ਕਰਨ ਵਾਲੇ ਉਪਾਵਾਂ ਵਿੱਚ ਨਿਵੇਸ਼ ਕਰੋ ਤਾਂ ਜੋ ਜਦੋਂ ਤੁਸੀਂ ਘਬਰਾਹਟ ਦੀ ਕਮਜ਼ੋਰੀ ਤੋਂ ਪੀੜਤ ਹੋ, ਤਾਂ ਤੁਹਾਡੀ ਸਹੀ ਰਣਨੀਤੀ ਤੁਹਾਡੇ ਲਈ ਕਮਾਈ ਕਰਦੀ ਰਹੇ।

ਇਹ ਦੁਨੀਆ ਇੱਕ ਸਫਲ ਵਿਅਕਤੀ ਵਿੱਚ ਵਿਸ਼ਵਾਸ ਕਰਦੀ ਹੈ ਜਿਸ ਵਿੱਚ ਦੌਲਤ ਅਤੇ ਵਪਾਰਕ ਨਿਵੇਸ਼ ਇੱਕੋ ਇੱਕ ਸਾਧਨ ਹੈ ਜੋ, ਜੇਕਰ ਸਹੀ ਦਿਸ਼ਾ ਵਿੱਚ ਕੀਤਾ ਜਾਵੇ, ਤਾਂ ਪੀੜ੍ਹੀਆਂ ਦੇ ਨਾਲ-ਨਾਲ ਸਮਾਜ ਦੇ ਮਜ਼ਦੂਰ ਵਰਗ ਨੂੰ ਪੋਸ਼ਣ ਦਿੰਦਾ ਹੈ। ਵਿਕਸਤ ਦੇਸ਼ ਆਪਣੇ ਲੋਕਾਂ ਨੂੰ ਆਰਥਿਕ ਵਿਕਾਸ ਲਈ ਸਰੋਤ ਪ੍ਰਦਾਨ ਕਰਦੇ ਹਨ ਅਤੇ ਸਿਖਲਾਈ ਲਈ ਅਜਿਹੇ ਪਲੇਟਫਾਰਮ ਪ੍ਰਦਾਨ ਕਰਦੇ ਹਨ ਜੋ ਝਿਜਕ ਅਤੇ ਅਵਿਸ਼ਵਾਸ ਦੀ ਬਜਾਏ ਲੋਕਾਂ ਵਿੱਚ ਹਿੰਮਤ ਅਤੇ ਆਤਮ-ਵਿਸ਼ਵਾਸ ਪੈਦਾ ਕਰਦੇ ਹਨ।

ਲੋਕਾਂ ਨੂੰ ਬੌਧਿਕ ਗੁਲਾਮ ਬਣਾਉਣ ਦੀ ਬਜਾਏ, ਕੁਦਰਤ ਦੁਆਰਾ ਉਨ੍ਹਾਂ ਦੇ ਅੰਦਰ ਰੱਖੇ ਗਏ ਲੀਡਰਸ਼ਿਪ ਗੁਣਾਂ ਨੂੰ ਬਾਹਰ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਨੂੰ ਬੋਲਣ ਦੀ ਕਲਾ ਨਾਲ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ, ਅਤੇ ਜੋ ਲੋਕ ਆਪਣੇ ਦਿਮਾਗ ਅਤੇ ਭਾਸ਼ਾ ਨੂੰ ਸਹੀ ਢੰਗ ਨਾਲ ਵਰਤਦੇ ਹਨ, ਉਨ੍ਹਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਲੀਡਰਸ਼ਿਪ ਉਨ੍ਹਾਂ ਲੋਕਾਂ ਦੇ ਪੈਰ ਚੁੰਮਦੀ ਹੈ ਜੋ ਆਪਣੇ ਉਪਯੋਗੀ ਵਿਚਾਰਾਂ ਨੂੰ ਨਿਡਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨਾ ਜਾਣਦੇ ਹਨ।

ਜੇ ਕੱਲ੍ਹ ਅਤੇ ਕੱਲ੍ਹ ਦਾ ਸਾਂਝਾ ਬੋਝ ਚੁੱਕਿਆ ਜਾਵੇ, ਤਾਂ ਅੱਜ ਸਭ ਤੋਂ ਤਾਕਤਵਰ ਵਿਅਕਤੀ ਵੀ ਬਰਬਾਦ ਹੋ ਜਾਵੇਗਾ। ਆਪਣੇ ਅਤੀਤ ਵਾਂਗ, ਤੁਹਾਡਾ ਆਪਣੇ ਭਵਿੱਖ 'ਤੇ ਕੋਈ ਕੰਟਰੋਲ ਨਹੀਂ ਹੈ। ਅੱਜ ਜੋ ਤੁਹਾਡੇ ਕੋਲ ਹੈ ਉਸਦਾ ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰੋ। ਜੀਵਨ ਦਾ ਉਦੇਸ਼ ਦੂਰ-ਦੁਰਾਡੇ ਦ੍ਰਿਸ਼ਾਂ ਵਿੱਚ ਦੇਖਣਾ ਨਹੀਂ ਹੈ, ਸਗੋਂ ਜੋ ਤੁਹਾਡੇ ਸਾਹਮਣੇ ਹੈ ਉਸਨੂੰ ਪੂਰਾ ਕਰਨਾ ਹੈ। ਅਤੀਤ ਵਾਂਗ, ਭਵਿੱਖ ਨੂੰ ਕੱਸ ਕੇ ਬੰਦ ਕਰੋ। ਭਵਿੱਖ ਬਾਰੇ ਚਿੰਤਤ ਵਿਅਕਤੀ ਮਾਨਸਿਕ ਤਾਕਤ ਨੂੰ ਬਰਬਾਦ ਕਰ ਰਿਹਾ ਹੈ। ਘਬਰਾਹਟ ਦੀਆਂ ਸਮੱਸਿਆਵਾਂ ਉਸ ਦੇ ਰਾਹ ਵਿੱਚ ਰੁਕਾਵਟਾਂ ਬਣ ਕੇ ਖੜ੍ਹੀਆਂ ਹਨ। ਸਾਡੇ ਇੱਕ ਪਾਸੇ ਅਨੰਤ ਅਤੀਤ ਹੈ ਜੋ ਅਨੰਤ ਕਾਲ ਤੋਂ ਚੱਲ ਰਿਹਾ ਹੈ, ਅਤੇ ਦੂਜੇ ਪਾਸੇ ਭਵਿੱਖ ਹੈ ਜੋ ਹਮੇਸ਼ਾ ਲਈ ਜਾਰੀ ਰਹੇਗਾ। ਫਿਰ ਸਾਨੂੰ ਆਪਣੇ ਅੱਜ ਵਿੱਚ ਰਹਿਣ ਨਾਲ ਸੰਤੁਸ਼ਟ ਕਿਉਂ ਨਹੀਂ ਹੋਣਾ ਚਾਹੀਦਾ? ਉਨ੍ਹਾਂ ਮਨਾਂ ਲਈ ਪ੍ਰਬੰਧ ਕਰੋ ਜੋ ਖੁਦਕੁਸ਼ੀ ਬਾਰੇ ਸੋਚ ਰਹੇ ਹਨ ਕਿ ਉਹ ਜੀਵਨ ਦੇਣ ਵਾਲੇ ਮਾਹੌਲ ਵਿੱਚ ਡੂੰਘੇ ਸਾਹ ਲੈਣ। ਇਕੱਲਤਾ ਅਤੇ ਵਾਂਝੇਪਣ ਦੇ ਕੈਦੀ ਨੂੰ ਇਮਾਨਦਾਰ ਸਹਾਇਤਾ ਅਤੇ ਸਾਧਨ ਪ੍ਰਦਾਨ ਕਰੋ। ਵਾਧੂ ਅਤੇ ਨੁਕਸਾਨ ਤੋਂ ਪ੍ਰਭਾਵਿਤ ਵਿਅਕਤੀ ਨੂੰ ਇਸ ਗੱਲੋਂ ਬੇਪਰਵਾਹ ਬਣਾਓ ਕਿ ਜ਼ਿੰਦਗੀ ਕਿਸੇ ਨੂੰ ਕੁਝ ਨਹੀਂ ਦਿੰਦੀ। ਆਪਣੀਆਂ ਕੋਸ਼ਿਸ਼ਾਂ ਅਤੇ ਮਿਹਨਤਾਂ ਆਪਣੀ ਜ਼ਿੰਦਗੀ ਵਿੱਚ ਰੰਗ ਭਰਦੀਆਂ ਹਨ। ਮਨੁੱਖੀ ਸੁਭਾਅ ਨੂੰ ਬਦਲੋ ਜੋ ਜ਼ਿੰਦਗੀ ਦੇ ਅਨੰਦ ਨੂੰ ਮੁਲਤਵੀ ਕਰ ਦਿੰਦਾ ਹੈ। ਮਨ ਨੂੰ ਮਰੇ ਹੋਏ ਸਿਰੇ ਵਾਂਗ ਆਪਣੇ ਮੋਢੇ 'ਤੇ ਬਿਠਾਉਣ ਵਾਲੇ ਵਿਚਾਰਾਂ ਨੂੰ ਆਪਣੇ ਇੱਕਲੇ ਮੋਢੇ 'ਤੇ ਚੁੱਕੋ ਅਤੇ ਇਸਨੂੰ ਚਾਰ ਕਬਰਾਂ ਜਿੰਨੇ ਡੂੰਘੇ ਟੋਏ ਵਿੱਚ ਦੱਬ ਦਿਓ। ਉਨ੍ਹਾਂ ਵਿਚਾਰਾਂ ਦੇ ਵਾਇਰਸ ਕਾਰਨ, ਸਾਰੇ ਸਰੀਰ ਵਿੱਚ ਨਿਰਾਸ਼ਾ ਦੇ ਛੋਟੇ-ਛੋਟੇ ਫੋੜੇ ਦਿਖਾਈ ਦਿੰਦੇ ਹਨ, ਜੋ ਤੁਹਾਨੂੰ ਉਮੀਦ ਦੇ ਬਿਸਤਰੇ 'ਤੇ ਲੇਟਦੇ ਹੀ ਬੇਵੱਸੀ ਦੇ ਦਰਦ ਤੋਂ ਪੀੜਤ ਕਰਦੇ ਸਨ।

ਕਈ ਵਾਰ ਮੁਸੀਬਤ ਵਿੱਚ ਘਿਰੇ ਵਿਅਕਤੀ ਦੀ ਉਦਾਸੀਨਤਾ ਇੱਕ ਇਲਾਜ ਹੋ ਸਕਦੀ ਹੈ। ਮਨੁੱਖੀ ਪ੍ਰੇਰਣਾ ਵਿੱਚ ਬਹੁਤ ਸ਼ਕਤੀ ਹੁੰਦੀ ਹੈ, ਪਰ ਕਈ ਵਾਰ ਜ਼ਾਲਮ ਹਾਲਾਤ ਵੀ ਵਿਅਕਤੀ ਨੂੰ ਜੀਵਨ ਦੇ ਰਾਹ 'ਤੇ ਪਾ ਸਕਦੇ ਹਨ। ਇੱਕ ਵਿਅਕਤੀ ਨੂੰ ਵਿੱਤੀ ਨੁਕਸਾਨ ਦੁਆਰਾ ਗਰੀਬੀ ਦੇ ਮੌਤ ਦੇ ਬਿਸਤਰੇ 'ਤੇ ਪਾ ਦਿੱਤਾ ਗਿਆ ਸੀ। ਸਰੀਰ ਤੋਂ ਸਿਹਤ ਦਾ ਵਿਛੋੜਾ ਦਿਨੋ-ਦਿਨ ਤੇਜ਼ ਹੋ ਰਿਹਾ ਸੀ। ਡਾਕਟਰ ਨੇ ਆਪਣੇ ਆਪ ਨੂੰ ਮਾਫ਼ ਕਰ ਦਿੱਤਾ ਅਤੇ ਸੰਕੇਤ ਦਿੱਤਾ ਕਿ ਜ਼ਿੰਦਗੀ ਕੁਝ ਦਿਨਾਂ ਲਈ ਮਹਿਮਾਨ ਹੋਵੇਗੀ। ਹੁਣ ਮੌਤ ਦੀ ਉਡੀਕ ਕਰ ਰਿਹਾ ਇਹ ਵਿਅਕਤੀ ਸੋਚਦਾ ਹੈ ਕਿ ਸੰਘਰਸ਼ ਜਾਂ ਚਿੰਤਾ ਵਿੱਚ ਰਹਿਣ ਦਾ ਕੋਈ ਫਾਇਦਾ ਨਹੀਂ ਹੈ। ਉਸਨੇ ਚਿੰਤਾ ਕਰਨ ਤੋਂ ਪਰਹੇਜ਼ ਕੀਤਾ, ਆਪਣੇ ਸਰੀਰ ਨੂੰ ਆਰਾਮ ਦਿੱਤਾ ਅਤੇ ਸੌਂ ਗਿਆ। ਉਸਦੀ ਆਤਮਾ ਥੱਕ ਗਈ, ਥਕਾਵਟ ਘੱਟਣ ਲੱਗੀ, ਭੁੱਖ ਵਾਪਸ ਆ ਗਈ ਅਤੇ ਤਾਕਤ ਵਧਣ ਲੱਗੀ। ਕੁਝ ਹਫ਼ਤਿਆਂ ਬਾਅਦ, ਉਸਨੇ ਬੈਸਾਖੀਆਂ ਦੀ ਮਦਦ ਨਾਲ ਤੁਰਨਾ ਸ਼ੁਰੂ ਕਰ ਦਿੱਤਾ ਅਤੇ ਕੁਝ ਮਹੀਨਿਆਂ ਵਿੱਚ, ਉਸਦੀ ਸਰੀਰਕ ਤਾਕਤ ਨੇ ਸਖ਼ਤ ਮਿਹਨਤ ਦੇ ਹਥਿਆਰਾਂ ਨਾਲ ਸਰੋਤਾਂ ਦੇ ਪਹਾੜ ਤੋੜ ਕੇ ਆਪਣੀ ਪੁਰਾਣੀ ਸ਼ਾਨ ਨੂੰ ਬਹਾਲ ਕਰ ਦਿੱਤਾ। ਆਪਣੀ ਚੇਤਨਾ ਦੀ ਅਗਵਾਈ ਹੇਠ, ਇਸ ਵਿਅਕਤੀ ਨੇ ਵਿਕਾਸ ਦੇ ਯਾਦਗਾਰੀ ਪੜਾਵਾਂ ਨੂੰ ਪਾਰ ਕਰਕੇ ਇਤਿਹਾਸ ਰਚਿਆ। ਸਭ ਤੋਂ ਵੱਡੇ ਨੁਕਸਾਨ ਦੀ ਕੀਮਤ ਇਹ ਨਹੀਂ ਹੈ ਕਿ ਉਹ ਤੁਹਾਡੀ ਜ਼ਿੰਦਗੀ ਨੂੰ ਨਿਗਲ ਲੈਣ। ਸਫਲਤਾ ਵਾਂਗ, ਨੁਕਸਾਨ ਲਈ ਮਾਨਸਿਕ ਤੌਰ 'ਤੇ ਤਿਆਰ ਰਹੋ ਤਾਂ ਜੋ ਤੁਸੀਂ ਚੁੱਪਚਾਪ ਸਭ ਤੋਂ ਮਾੜੇ ਦਾ ਸਾਹਮਣਾ ਕਰ ਸਕੋ। ਆਪਣਾ ਸਮਾਂ, ਊਰਜਾ ਅਤੇ ਤਾਕਤ ਇਸਦਾ ਸਭ ਤੋਂ ਵਧੀਆ ਬਣਾਉਣ ਵਿੱਚ ਲਗਾ ਕੇ, ਤੁਸੀਂ ਸਥਿਤੀ ਨੂੰ ਬਦਲ ਸਕਦੇ ਹੋ। ਜੇਕਰ ਤੁਸੀਂ ਚਿੰਤਾਵਾਂ ਅਤੇ ਚਿੰਤਾਵਾਂ ਵਿੱਚ ਰੁੱਝੇ ਰਹਿੰਦੇ ਹੋ, ਤਾਂ ਤੁਸੀਂ ਕਦੇ ਵੀ ਅਸਫਲਤਾ ਨੂੰ ਉਲਟਾ ਨਹੀਂ ਸਕਦੇ। ਚਮਤਕਾਰ ਕਿਸੇ ਪਰੇਸ਼ਾਨ ਵਿਅਕਤੀ ਲਈ ਉੱਪਰੋਂ ਨਹੀਂ ਹੁੰਦੇ, ਪਰ ਚਮਤਕਾਰ ਅੰਦਰੋਂ ਫੁੱਟਦੇ ਹਨ। ਇਹ ਸੱਚ ਹੈ ਕਿ ਚਿੰਤਾ ਦੇ ਸਮੇਂ, ਅਸੀਂ ਆਪਣੇ ਮਨਾਂ ਨੂੰ ਕੇਂਦਰਿਤ ਨਹੀਂ ਰੱਖ ਸਕਦੇ। ਸਾਡਾ ਮਨ ਇੱਥੇ ਅਤੇ ਉੱਥੇ ਠੋਕਰ ਖਾਂਦਾ ਹੈ। ਅਸੀਂ ਇੱਕ ਬਿਹਤਰ ਫੈਸਲੇ 'ਤੇ ਪਹੁੰਚਣ ਦੀ ਸ਼ਕਤੀ ਗੁਆ ਦਿੰਦੇ ਹਾਂ। ਹਾਲਾਂਕਿ, ਪਹਿਲਾਂ ਤੋਂ ਕੀਤੀ ਗਈ ਮਾਨਸਿਕ ਤਿਆਰੀ ਨਾ ਸਿਰਫ਼ ਮਨ ਨੂੰ ਤਬਾਹ ਕਰਨ ਵਾਲੇ ਹਾਦਸਿਆਂ ਦੇ ਪ੍ਰਭਾਵਾਂ ਨੂੰ ਘਟਾਉਂਦੀ ਹੈ, ਸਗੋਂ ਤੁਹਾਡਾ ਧਿਆਨ ਮਾਮਲੇ 'ਤੇ ਵੀ ਕੇਂਦ੍ਰਿਤ ਕਰਦੀ ਹੈ ਅਤੇ ਇਸਨੂੰ ਹੱਲ ਵੱਲ ਲੈ ਜਾਂਦੀ ਹੈ। ਜੋ ਹੋਇਆ ਹੈ ਉਸ ਨਾਲ ਸੰਤੁਸ਼ਟ ਰਹੋ, ਕਿਉਂਕਿ ਬਦਕਿਸਮਤੀ ਦਾ ਸਾਹਮਣਾ ਕਰਨ ਦਾ ਪਹਿਲਾ ਕਾਰਨ ਮਾੜੇ ਨਤੀਜਿਆਂ 'ਤੇ ਅਧਾਰਤ ਸਥਿਤੀਆਂ ਨੂੰ ਸਵੀਕਾਰ ਕਰਨਾ ਅਤੇ ਇਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਅਤੇ ਰਣਨੀਤੀ ਨੂੰ ਛੱਡਣਾ ਹੈ। ਜੇਕਰ ਸਫਲਤਾ ਨੇ ਤੁਹਾਨੂੰ ਇਨਕਾਰ ਕਰ ਦਿੱਤਾ ਹੈ, ਤਾਂ ਤੁਹਾਡੇ ਕੋਲ ਅਸਫਲਤਾ ਨੂੰ ਇਨਕਾਰ ਕਰਨ ਲਈ ਕਾਫ਼ੀ ਇੱਛਾ ਸ਼ਕਤੀ ਵੀ ਹੋਣੀ ਚਾਹੀਦੀ ਹੈ। ਮਨ ਦੀ ਸੱਚੀ ਸ਼ਾਂਤੀ ਸਭ ਤੋਂ ਮਾੜੇ ਨੂੰ ਸਵੀਕਾਰ ਕਰਨ ਨਾਲ ਆਉਂਦੀ ਹੈ। ਮਨੋਵਿਗਿਆਨਕ ਤੌਰ 'ਤੇ, ਇਸਦਾ ਅਰਥ ਹੈ ਦਰਦਨਾਕ ਊਰਜਾ ਦੀ ਰਿਹਾਈ। ਕੁਝ ਵੀ ਜਾਣਨਾ ਹਾਲਾਤਾਂ ਦਾ ਮਾਮਲਾ ਹੈ, ਕਿਸਮਤ ਦਾ ਫੈਸਲਾ ਨਹੀਂ, ਅਤੇ ਇੱਕ ਵਿਅਕਤੀ ਜਿਸ ਕੋਲ ਕਿਸਮਤ ਨੂੰ ਬਦਲਣ ਦੀ ਸਮਰੱਥਾ ਹੈ, ਉਹ ਮਾੜੀਆਂ ਸਥਿਤੀਆਂ ਨੂੰ ਬਦਲਣ ਵਿੱਚ ਆਪਣੀ ਬੁੱਧੀ ਅਤੇ ਕੰਮਾਂ ਦੀ ਸਫਲਤਾ ਦਾ ਅਨੁਭਵ ਕਰਦਾ ਹੈ। ਜਿਹੜੇ ਲੋਕ ਮਾੜੀਆਂ ਸਥਿਤੀਆਂ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ ਅਤੇ ਜਿਨ੍ਹਾਂ ਨੂੰ ਆਪਣੇ ਆਪ ਵਿੱਚ ਵਿਸ਼ਵਾਸ ਨਹੀਂ ਹੈ, ਉਹ ਨੁਕਸਾਨ ਦੇ ਨਤੀਜੇ ਦੇਖਦੇ ਹਨ ਅਤੇ ਆਪਣੀਆਂ ਕੀਮਤੀ ਜਾਨਾਂ ਚਿੰਤਾਵਾਂ ਅਤੇ ਉਲਝਣਾਂ ਲਈ ਕੁਰਬਾਨ ਕਰ ਦਿੰਦੇ ਹਨ। ਤੁਹਾਨੂੰ ਨਾ ਸਿਰਫ਼ ਤਬਾਹੀ ਦੀ ਦਲਦਲ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਸਗੋਂ ਆਪਣੀ ਕਿਸਮਤ ਨੂੰ ਦੁਬਾਰਾ ਬਣਾਉਣ ਦੀ ਕਲਾ ਵੀ ਸਿੱਖਣੀ ਚਾਹੀਦੀ ਹੈ। ਸਾਡੇ ਹਸਪਤਾਲਾਂ ਵਿੱਚ ਜ਼ਿਆਦਾਤਰ ਬਿਸਤਰੇ ਘਬਰਾਹਟ ਵਾਲੇ ਮਰੀਜ਼ਾਂ ਨਾਲ ਭਰੇ ਹੋਏ ਹਨ, ਜਦੋਂ ਕਿ ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਪੋਸਟ-ਮਾਰਟਮ ਵਿੱਚ, ਇੱਕ ਸ਼ਕਤੀਸ਼ਾਲੀ ਮਾਈਕ੍ਰੋਸਕੋਪ ਨਾਲ ਇੱਕ ਨਿਊਰੋਲੋਜੀਕਲ ਜਾਂਚ ਕੀਤੀ ਜਾਂਦੀ ਹੈ, ਅਤੇ ਬਹੁਗਿਣਤੀ ਦੀਆਂ ਨਾੜੀਆਂ ਤੰਦਰੁਸਤ ਅਤੇ ਤੰਦਰੁਸਤ ਹੁੰਦੀਆਂ ਹਨ, ਜਿਵੇਂ ਕਿ ਇੱਕ ਪਹਿਲਵਾਨ ਦੀਆਂ। ਉਨ੍ਹਾਂ ਦੀਆਂ ਨਿਊਰੋਲੋਜੀਕਲ ਬਿਮਾਰੀਆਂ ਉਨ੍ਹਾਂ ਦੇ ਸਰੀਰਕ ਅੰਗਾਂ ਦੀ ਅਸਫਲਤਾ ਕਾਰਨ ਨਹੀਂ ਹੁੰਦੀਆਂ, ਸਗੋਂ ਨਿਰਾਸ਼ਾ, ਅਸਫਲਤਾ, ਹਾਰ, ਚਿੰਤਾ, ਸੋਗ, ਦੁੱਖ, ਡਰ ਅਤੇ ਡਰ ਦੀਆਂ ਭਾਵਨਾਵਾਂ ਕਾਰਨ ਹੁੰਦੀਆਂ ਹਨ। ਪਲੈਟੋ ਕਹਿੰਦਾ ਹੈ ਕਿ ਡਾਕਟਰਾਂ ਦੀ ਸਭ ਤੋਂ ਵੱਡੀ ਗਲਤੀ ਇਹ ਹੈ ਕਿ ਉਹ ਮਨ ਵੱਲ ਧਿਆਨ ਦਿੱਤੇ ਬਿਨਾਂ ਸਰੀਰ ਦਾ ਇਲਾਜ ਕਰਦੇ ਹਨ, ਪਰ ਸਰੀਰ ਅਤੇ ਮਨ ਨੂੰ ਇੱਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਨਾ ਹੀ ਉਨ੍ਹਾਂ ਦਾ ਵੱਖਰਾ ਇਲਾਜ ਕੀਤਾ ਜਾ ਸਕਦਾ ਹੈ। ਅਧਿਆਤਮਿਕ ਸਿਹਤ ਲਈ, ਅੱਲ੍ਹਾ ਵਿੱਚ ਪੂਰਾ ਵਿਸ਼ਵਾਸ ਰੱਖੋ, ਪੂਜਾ ਅਤੇ ਪੂਜਾ ਨੂੰ ਇੱਕ ਨਿਯਮਤ ਅਭਿਆਸ ਬਣਾਓ, ਅਤੇ ਸਰੀਰਕ ਸਿਹਤ ਲਈ, ਡੂੰਘੀ, ਆਰਾਮਦਾਇਕ ਨੀਂਦ ਲਓ। ਚੰਗੇ ਸੰਗੀਤ ਦਾ ਆਨੰਦ ਮਾਣੋ, ਜ਼ਿੰਦਗੀ ਦੇ ਹਾਸੇ-ਮਜ਼ਾਕ ਵਾਲੇ ਪਾਸੇ 'ਤੇ ਨਜ਼ਰ ਰੱਖੋ। ਹਾਸਾ, ਮੁਸਕਰਾਹਟ ਅਤੇ ਹਾਸਾ ਇੱਕ ਖੁਸ਼ਹਾਲ ਜੀਵਨ ਦੇ ਰੰਗ ਹਨ, ਅਤੇ ਚੰਗੇ ਲੋਕਾਂ ਨਾਲ ਰਹਿਣਾ ਹਾਲਾਤਾਂ ਦੇ ਜ਼ਖ਼ਮਾਂ 'ਤੇ ਇਲਾਜ ਕਰਨ ਵਾਲੇ ਮਲਮ ਦਾ ਕੰਮ ਕਰਦਾ ਹੈ।

## ਮੈਂ ਤੁਹਾਨੂੰ ਇੱਕ ਨਵਾਂ ਵਿਸ਼ਾ ਦਿੰਦਾ ਹਾਂ: ਸਮੁੰਦਰ ਦੀਆਂ ਗੁਪਤ ਸੰਪਦਾਵਾਂ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਸਮੁੰਦਰ ਸਾਡੇ ਗ੍ਰਹਿ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਅਤੇ ਇਸ ਵਿੱਚ ਅਨੇਕਾਂ ਗੁਪਤ ਸੰਪਦਾਵਾਂ ਹਨ ਜੋ ਸਾਨੂੰ ਅਜੇ ਵੀ ਨਹੀਂ ਪਤਾ ਹਨ। ਸਮੁੰਦਰ ਦੀਆਂ ਗੁਪਤ ਸੰਪਦਾਵਾਂ ਵਿੱਚ ਸ਼ਾਮਲ ਹਨ:

ਸਮੁੰਦਰੀ ਜੀਵ: ਸਮੁੰਦਰ ਵਿੱਚ ਅਨੇਕਾਂ ਕਿਸਮਾਂ ਦੇ ਜੀਵ ਹਨ, ਜਿਨ੍ਹਾਂ ਵਿੱਚ ਮੱਛੀਆਂ, ਸ਼ਾਰਕ, ਵੇਲਾਂ, ਅਤੇ ਸਮੁੰਦਰੀ ਸਪੀਸੀਜ਼ ਸ਼ਾਮਲ ਹਨ।
ਸਮੁੰਦਰੀ ਖਣਿਜ: ਸਮੁੰਦਰ ਵਿੱਚ ਅਨੇਕਾਂ ਕਿਸਮਾਂ ਦੇ ਖਣਿਜ ਹਨ, ਜਿਨ੍ਹਾਂ ਵਿੱਚ ਤੇਲ, ਗੈਸ, ਸੋਨਾ, ਚਾਂਦੀ, ਅਤੇ ਹੋਰ ਕਈ ਧਾਤੂਆਂ ਸ਼ਾਮਲ ਹਨ।
ਸਮੁੰਦਰੀ ਔਸ਼ਧੀਆਂ: ਸਮੁੰਦਰ ਵਿੱਚ ਅਨੇਕਾਂ ਕਿਸਮਾਂ ਦੀਆਂ ਔਸ਼ਧੀਆਂ ਹਨ, ਜਿਨ੍ਹਾਂ ਵਿੱਚ ਕੈਂਸਰ, ਐਡਜ਼, ਅਤੇ ਹੋਰ ਬਿਮਾਰੀਆਂ ਦੇ ਇਲਾਜ ਲਈ ਔਸ਼ਧੀਆਂ ਸ਼ਾਮਲ ਹਨ।
ਸਮੁੰਦਰੀ ਊਰਜਾ: ਸਮੁੰਦਰ ਵਿੱਚ ਅਨੇਕਾਂ ਕਿਸਮਾਂ ਦੀ ਊਰਜਾ ਹੈ, ਜਿਸ ਵਿੱਚ ਲਹਿਰਾਂ, ਜਵਾਰ-ਭਾਟਾ, ਅਤੇ ਸਮੁੰਦਰੀ ਹਵਾ ਸ਼ਾਮਲ ਹਨ।

ਇਹ ਸਿਰਫ਼ ਕੁਝ ਉਦਾਹਰਨ ਹਨ ਸਮੁੰਦਰ ਦੀਆਂ ਗੁਪਤ ਸੰਪਦਾਵਾਂ ਦੀਆਂ। ਸਮੁੰਦਰ ਇੱਕ ਅਜਿਹਾ ਸਰੋਤ ਹੈ ਜੋ ਸਾਡੀ ਜ਼ਿੰਦਗੀ ਨੂੰ ਬਹੁਤ ਕੁਝ ਦੇ ਸਕਦਾ ਹੈ, ਪਰ ਸਾਨੂੰ ਇਸ ਦੀ ਸੰਭਾਲ ਕਰਨੀ ਚਾਹੀਦੀ ਹੈ ।ਸਮੁੰਦਰ ਦੀਆਂ ਗੁਪਤ ਸੰਪਦਾਵਾਂ ਵਿੱਚ ਸ਼ਾਮਲ ਹਨ:

ਸਮੁੰਦਰੀ ਖੇਤੀਬਾੜੀ: ਸਮੁੰਦਰ ਵਿੱਚ ਮੱਛੀਆਂ, ਸ਼ਾਰਕ, ਵੇਲਾਂ, ਅਤੇ ਹੋਰ ਸਮੁੰਦਰੀ ਜੀਵਾਂ ਦੀ ਖੇਤੀਬਾੜੀ ਕੀਤੀ ਜਾ ਸਕਦੀ ਹੈ।
ਸਮੁੰਦਰੀ ਸੈਰ-ਸਪਾਟਾ: ਸਮੁੰਦਰ ਦੇ ਕਿਨਾਰੇ ਸੈਰ-ਸਪਾਟਾ ਕਰਨਾ ਇੱਕ ਮਨੋਰੰਜਨ ਦਾ ਸਾਧਨ ਹੈ, ਅਤੇ ਇਹ ਸਥਾਨਕ ਆਰਥਿਕਤਾ ਲਈ ਵੀ ਫਾਇਦੇਮੰਦ ਹੈ।
ਸਮੁੰਦਰੀ ਖੋਜ: ਸਮੁੰਦਰ ਵਿੱਚ ਖੋਜ ਕਰਨਾ ਸਾਡੇ ਗਿਆਨ ਨੂੰ ਵਧਾਉਣ ਅਤੇ ਨਵੀਆਂ ਤਕਨੀਕਾਂ ਵਿਕਸਿਤ ਕਰਨ ਲਈ ਮਦਦਗਾਰ ਹੈ।
ਸਮੁੰਦਰੀ ਸੁਰੱਖਿਆ: ਸਮੁੰਦਰ ਦੀ ਸੁਰੱਖਿਆ ਕਰਨਾ ਸਾਡੀ ਜ਼ਿੰਦਗੀ ਅਤੇ ਸਾਡੇ ਗ੍ਰਹਿ ਲਈ ਜ਼ਰੂਰੀ ਹੈ।

ਇਹ ਸਿਰਫ਼ ਕੁਝ ਉਦਾਹਰਨ ਹਨ ਸਮੁੰਦਰ ਦੀਆਂ ਗੁਪਤ ਸੰਪਦਾਵਾਂ ਦੀਆਂ। ਸਮੁੰਦਰ ਇੱਕ ਅਜਿਹਾ ਸਰੋਤ ਹੈ ਜੋ ਸਾਡੀ ਜ਼ਿੰਦਗੀ ਨੂੰ ਬਹੁਤ ਕੁਝ ਦੇ ਸਕਦਾ ਹੈ, ਪਰ ਸਾਨੂੰ ਇਸ ਦੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਜੋ ਇਹ ਸਾਡੇ ਲਈ ਸਦਾ ਲਈ ਉਪਲੱਬਧ ਰਹੇ।

## ਸਾਹਿਤ ਵਿਗਿਆਨ ਕੇਂਦਰ ਦੀ ਮਾਸਿਕ ਇਕੱਤਰਤਾ ਹੋਈ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ 23 ਫਰਵਰੀ : ਸਾਹਿਤ ਵਿਗਿਆਨ ਕੇਂਦਰ ਦੀ ਮਾਸਿਕ ਇਕੱਤਰਤਾ ਰੋਟਰੀ ਕਲੱਬ ਸੈਕਟਰ 70 ਮੁਹਾਲੀ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਉੱਘੇ ਸਾਹਿਤਕਾਰ ਸ. ਦਰਸ਼ਨ ਸਿੰਘ ਸਿੱਧੂ ਨੇ ਕੀਤੀ ਅਤੇ ਪ੍ਰਸਿੱਧ ਗ਼ਜ਼ਲਗੋ ਡਾ. ਅਨਿਲ ਬਹਿਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਭ ਤੋਂ ਪਹਿਲਾਂ ਸੰਸਥਾ ਦੇ ਪ੍ਰਧਾਨ ਸ. ਗੁਰਦਰਸ਼ਨ ਸਿੰਘ ਮਾਵੀ ਨੇ ਇਕੱਤਰਤਾ ਵਿੱਚ ਸ਼ਾਮਿਲ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਾਰੇ ਮੈਂਬਰਾਂ ਨੂੰ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਤੇ ਮਿਲ ਕੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ । ਇਸ ਤੋਂ ਬਾਅਦ ਕਵੀ ਦਰਬਾਰ ਸਜਾਇਆ ਗਿਆ ਜਿਸ ਵਿੱਚ ਮਲਕੀਤ ਸਿੰਘ ਨਾਗਰਾ ਅਤੇ ਡਾ. ਮਨਜੀਤ ਸਿੰਘ ਮਝੈਲ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਬਹੁਤ ਹੀ ਖੂਬਸੂਰਤ ਰਚਨਾਵਾਂ ਨਾਲ ਆਪਣੀ ਹਾਜ਼ਰੀ ਲਵਾਈ। ਡਾ. ਮਨਜੀਤ ਬੱਲ,ਗੁਰਦਾਸ ਦਾਸ,ਮਹਿੰਦਰ ਸਿੰਘ ਗੋਸਲ, ਲਾਭ ਸਿੰਘ ਲਹਿਲੀ,ਰਤਨ ਬਾਬਕ ਵਾਲਾ, ਪ੍ਰਤਾਪ ਪਾਰਸ ਗੁਰਦਾਸਪੁਰੀਆ ਅਤੇ ਮੰਦਰ ਗਿੱਲ ਸਾਹਿਬਚੰਦੀਆ ਨੇ ਤਰੰਨੁਮ ਵਿੱਚ ਗੀਤ ਸੁਣਾ ਕੇ ਸਾਰਿਆਂ ਨੂੰ ਝੂਮਣ ਲਾ ਦਿੱਤਾ । ਨਰਿੰਦਰ ਕੌਰ ਲੌਂਗੀਆ,ਰਮਨਦੀਪ ਰਮਣੀਕ,ਡਾ. ਰਜਿੰਦਰ ਰੇਨੂੰ ਅੰਸ਼ੁਕਰ ਮਹੇਸ਼,ਸਵਰਨਜੀਤ ਸਿੰਘ,ਹਰਜੀਤ ਸਿੰਘ,ਚਰਨਜੀਤ ਕਲੇਰ,ਜਯਾ ਸੂਦ,ਦਵਿੰਦਰ ਕੌਰ ਢਿੱਲੋਂ,ਸੁਰਿੰਦਰ ਕੁਮਾਰ,ਪ੍ਰੋਫੈਸਰ ਕੇਵਲਜੀਤ ਸਿੰਘ ਕੰਵਲ ਨੇ ਦਿਲ ਟੁੰਬਦੀਆਂ ਕਵਿਤਾਵਾਂ ਸੁਣਾ ਕੇ ਸਭ ਦਾ ਮਨ ਮੋਹ ਲਿਆ। ਮੁੱਖ ਮਹਿਮਾਨ ਡਾ.ਅਨਿਲ ਬਹਿਲ ਨੇ ਕੇਂਦਰ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਬਹੁਤ ਹੀ ਖੂਬਸੂਰਤ ਗਜ਼ਲ ਸਰੋਤਿਆਂ ਦੇ ਸਨਮੁੱਖ ਕਰਕੇ ਵਾਹ ਵਾਹ ਖੱਟੀ। ਪ੍ਰਧਾਨਗੀ ਭਾਸ਼ਨ ਵਿੱਚ ਸ.ਦਰਸ਼ਨ ਸਿੰਘ ਸਿੱਧੂ ਨੇ ਕਿਹਾ ਕਿ ਸਾਹਿਤਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ ਉਹ ਜੋ ਵੀ ਸਮਾਜ ਵਿੱਚ ਦੇਖਦੇ ਹਨ ਉਸ ਨੂੰ ਬਹੁਤ ਹੀ ਸਾਰਥਕ ਢੰਗ ਨਾਲ ਕਲਮਬੱਧ ਕਰਕੇ ਸਾਹਿਤ ਦੀ ਸਿਰਜਣਾ ਕਰਦੇ ਹਨ। ਅੰਤ ਵਿੱਚ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਬਹੁਤ ਖੂਬਸੂਰਤ ਕਵਿਤਾ ਸਰੋਤਿਆਂ ਦੀ ਨਜ਼ਰ ਕੀਤੀ।ਸਟੇਜ ਸੰਚਾਲਨ ਭਰਪੂਰ ਸਿੰਘ ਨੇ ਬਾਖੂਬੀ ਨਿਭਾਇਆ।




## ਡੀ.ਐਸ.ਟੀ. ਸੀਟੀਐਸ ਕੰਟਰੈਕਟ ਇੰਸਟਰਕਟਰ ਯੂਨੀਅਨ ਦੇ ਅਹੁਦੇਦਾਰਾਂ ਦੀ ਹੋਈ ਅਹਿਮ ਮੀਟਿੰਗ

### ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ 'ਚ ਗੈਸਟ ਫੈਕਲਟੀਆਂ 'ਚ ਨਿਰਾਸ਼ਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 23 ਫਰਵਰੀ : ਅੱਜ ਆਲ ਪੰਜਾਬ ਡੀ.ਐਸ.ਟੀ. ਸੀਟੀਐਸ ਕੰਟਰੈਕਟ ਇੰਸਟਰਕਟਰ ਯੂਨੀਅਨ ਦੇ ਅਹੁਦੇਦਾਰਾਂ ਦੀ ਅਹਿਮ ਮੀਟਿੰਗ ਹੋਈ, ਜਿਸ ਦੇ ਚੱਲਦਿਆਂ ਅਹੁਦੇਦਾਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਹੁਤ ਹੀ ਲੰਬੇ ਸਮੇਂ ਤੋਂ ਉਹ ਵੱਖ-ਵੱਖ ਪੰਜਾਬ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਬਤੌਰ ਗੈਸਟ ਫੈਕਲਟੀ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਕਾ ਪੁੱਕਾ 15000 ਉੱਪਰ ਆਪਣਾ ਜੀਵਨ ਬਹੁਤ ਹੀ ਮੁਸ਼ਕਿਲ ਨਾਲ ਬਸਰ ਕਰ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਲੈ ਕੇ ਅੱਜ ਤੱਕ ਉਹ ਆਪਣੀਆਂ ਜਾਇਜ਼ ਮੰਗਾਂ ਜਿਵੇਂ ਕਿ ਤਨਖਾਹਾਂ ਵਿੱਚ ਵਾਧਾ ਅਤੇ 58 ਸਾਲ ਤੱਕ ਸੇਵਾ ਸੁਰੱਖਿਆ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਵੱਖ-ਵੱਖ ਮੰਤਰੀਆਂ ਜਿਵੇਂ ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਤਕਨੀਕੀ ਸਿੱਖਿਆ ਮੰਤਰੀਆਂ ਨਾਲ ਬਹੁਤ ਵਾਰ ਮੀਟਿੰਗਾਂ ਕਰ ਚੁੱਕੇ ਹਨ ਪਰ ਸਰਕਾਰ ਵੱਲੋਂ ਕੇਵਲ ਅੱਜ ਤੱਕ ਉਹਨਾਂ ਨੂੰ ਲਾਰੇ ਹੀ ਮਿਲੇ, ਪਿਛਲੇ ਇੱਕ ਮਹੀਨੇ ਵਿੱਚ ਵਿੱਤ ਮੰਤਰੀ ਚੀਮਾ ਸਾਹਿਬ ਵੱਲੋਂ ਉਹਨਾਂ ਨੂੰ ਦੋ ਵਾਰ ਮੀਟਿੰਗਾਂ ਦਿੱਤੀਆਂ ਗਈਆਂ ਅਤੇ ਚੰਡੀਗੜ੍ਹ ਬੁਲਾ ਕੇ ਮੀਟਿੰਗਾਂ ਮੰਤਰੀ ਸਾਹਿਬ ਵੱਲੋਂ ਨਹੀਂ ਕੀਤੀਆਂ ਗਈਆਂ ਅਤੇ ਨਾ ਹੀ ਉਹਨਾਂ ਦੀਆਂ ਜਾਇਜ਼ ਮੰਗਾਂ, ਜੋ ਕਿ ਸਰਕਾਰ ਨੇ ਪੂਰੀਆਂ ਕਰਨ ਦੇ ਵਾਅਦੇ ਕੀਤੇ ਹੋਏ ਸਨ, ਅੱਜ ਤੱਕ ਨਹੀਂ ਪੂਰੀਆਂ ਨਹੀਂ ਕੀਤੀਆਂ, 700 ਦੇ ਕਰੀਬ ਕੱਚੇ ਇੰਸਟਰਕਟਰ ਹਨ ਜੋ ਵੱਖ-ਵੱਖ ਆਈ ਟੀ ਆਈਜ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਉਹਨਾਂ ਨੂੰ ਅੱਖੋਂ ਪਰੋਖੇ ਕਰਕੇ ਤਕਨੀਕੀ ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਇੰਸਟਰਕਟਰਾਂ ਦੀਆਂ ਪੋਸਟਾਂ ਕੱਢਣ ਜਾ ਰਹੇ ਹਨ। ਜਿਸ ਦੇ ਚਲਦੇ ਜੋ ਇੰਸਟਰਕਟਰ ਲੰਮੇ ਸਮੇਂ ਤੋਂ ਇਹਨਾਂ ਆਈਟੀਆਈਜ ਵਿੱਚ ਸੇਵਾਵਾਂ ਨਿਭਾਅ ਰਹੇ ਹਨ, ਉਹ ਅੱਜ ਦੇ ਦਿਨ ਵਿੱਚ ਓਵਰਏਜ ਹੋ ਚੁੱਕੇ ਹਨ। ਜੇਕਰ ਇਹ ਭਰਤੀ ਕੀਤੀ ਗਈ ਤਾਂ ਬਹੁਤ ਸਾਰੇ ਕੱਚੇ ਇੰਸਟਰਕਟਰਾਂ ਘਰ ਤੋਰ ਦਿੱਤਾ ਜਾਵੇਗਾ। ਜਦਕਿ ਮੁੱਖ ਮੰਤਰੀ ਮਾਨ ਨੇ ਸਰਕਾਰ ਬਣਨ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਜੇਕਰ ਸਾਡੀ ਸਰਕਾਰ ਆਉਂਦੀ ਹੈ ਤਾਂ ਜਿੰਨੇ ਵੀ ਕੱਚੇ ਮੁਲਾਜ਼ਮ ਹਨ ਸਾਰਿਆਂ ਨੂੰ ਪੱਕਾ ਕਰ ਦਿੱਤਾ ਜਾਵੇਗਾ ਪਰ ਇਹਨਾਂ ਸਾਰੇ ਕੱਚੇ ਇੰਸਟਰਕਟਰਾਂ ਨੂੰ ਪੱਕਾ ਕਰਨ ਦੀ ਬਜਾਏ ਪੰਜਾਬ ਸਰਕਾਰ ਨੇ ਆਪਣੇ ਵਾਅਦੇ ਤੋਂ ਭੱਜ ਕੇ ਨਵੀਆਂ ਇੰਸਟਰਕਟਰਾਂ ਦੀਆਂ ਪੋਸਟਾਂ ਕੱਢ ਕੇ ਇਹਨਾਂ ਨੂੰ ਘਰ ਤੋਰਨ ਦੀ ਤਿਆਰੀ ਕਰ ਲਈ ਹੈ। ਜੇਕਰ ਪਜਾਬ ਸਰਕਾਰ ਨੇ ਕੱਚੇ ਇੰਸਟਰਕਟਰਾਂ ਦੀਆਂ ਮੰਗਾਂ ਆਉਣ ਵਾਲੇ ਦਿਨਾਂ ਵਿੱਚ ਨਾ ਮੰਨੀਆਂ ਅਤੇ ਇੰਸਟਰਕਟਰਾਂ ਦੀ ਭਰਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਤਾਂ ਪੂਰੀ ਯੂਨੀਅਨ ਵੱਲੋਂ ਆਪਣੇ ਹੱਕਾਂ ਨੂੰ ਬਚਾਉਣ ਲਈ ਸੜਕਾਂ ਉੱਪਰ ਉਤਰਨ ਲਈ ਮਜਬੂਰ ਹੋਣਾ ਪਵੇਗਾ ਅਤੇ ਸਰਕਾਰ ਖਿਲਾਫ ਪੂਰੇ ਕੱਚੇ ਇੰਸਟਰਕਟਰ ਵੱਡੇ ਸੰਘਰਸ਼ ਨੂੰ ਵਿੱਢ ਦੇਣਗੇ। ਇਸ ਵਿੱਚ ਜੋ ਵੀ ਹਰਜਾਨਾ ਹੋਵੇਗਾ, ਉਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਤਕਨੀਕੀ ਸਿੱਖਿਆ ਵਿਭਾਗ ਦੀ ਹੋਵੇਗੀ। ਇਸ ਮੌਕੇ ਹੋਰਨਾ ਤੋਂ ਇਲਾਵਾ ਯੂਨੀਅਨ ਦੇ ਪ੍ਰਧਾਨ ਕਿਰਨਦੀਪ ਸਿੰਘ ਰੁਪਾਣਾ, ਸਿਮਰਨਜੀਤ ਸਿੰਘ, ਹਰਪ੍ਰੀਤ ਸਿੰਘ, ਪ੍ਰਦੀਪ ਸਿੰਘ, ਗੁਰਜੀਤ ਸਿੰਘ, ਸਵਰਨ ਸਿੰਘ, ਧਰਮਿੰਦਰ ਸਿੰਘ, ਅਮਨਦੀਪ ਸਿੰਘ ਆਦਿ ਵੀ ਹਾਜ਼ਰ ਸਨ।